# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਜਿਲ੍ਹਾ ਮਾਨਸਾ ਕਮ
## ਜਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ ਮਾਨਸਾ


ਜਿਲ੍ਹਾ ਪ੍ਰਬੰਧਕੀ ਕੰਪਲੈਕਸ,ਦੂਜੀ ਮੰਜਿਲ,ਕਮਰਾ ਨੰ:55 ਜਿਲ੍ਹਾ ਮਾਨਸਾ
ਈ ਮੇਲ: ssamansa@punjabeducation.gov.in.


ਵੱਲ:

ਸਮੂਹ ਸਕੂਲ ਮੁੱਖੀ,
ਸਪ੍ਰਸ/ਸਮਿਸ/ਸਹਸ/ਸਸਸਸ,
ਜਿਲ੍ਹਾ ਮਾਨਸਾ।

ਪੱਤਰ ਨੰ:ਸਸਅ/2021-22/2021258473-76    ਮਿਤੀ:ਸਸਅ/30-07-2021

**ਵਿਸ਼ਾ:-** ਸਮੱਗਰਾ ਸਿੱਖਿਆ ਅਭਿਆਨ ਅਤੇ ਸਟੇਟ ਸਕੀਮ ਤਹਿਤ ਜਾਰੀ ਗ੍ਰਾਂਟਾਂ ਨੂੰ ਨਿਯਮਾਂ ਅਨੁਸਾਰ ਖਰਚ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਸਕੂਲ ਨੂੰ ਜੋ ਗ੍ਰਾਂਟਾਂ ਸਮੱਗਰਾ ਸਿੱਖਿਆ ਅਭਿਆਨ ਅਤੇ ਸਟੇਟ ਸਕੀਮ ਤਹਿਤ ਜਾਰੀ ਕੀਤੀਆਂ ਜਾਂਦੀਆਂ ਹਨ ਉਹਨਾਂ ਨੂੰ ਨਿਯਮਾਂ ਅਨੁਸਾਰ ਅਤੇ ਸਮੇਂ ਸਿਰ ਖਰਚ ਕਰਨਾ ਯਕੀਨੀ ਬਣਾਇਆ ਜਾਵੇ। ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵੱਲੋਂ ਗ੍ਰਾਂਟਾਂ ਸਮੇਂ ਸਿਰ ਅਤੇ ਨਿਯਮਾਂ ਅਨੁਸਾਰ ਖਰਚ ਨਹੀਂ ਕੀਤੀਆਂ ਜਾ ਰਹੀਆਂ। ਕਈ ਸਕੂਲਾਂ ਵੱਲੋਂ ਵਰਤੋਂ ਸਰਟੀਫਿਕੇਟ ਸਬੰਧਤ ਬਲਾਕ ਦਫਤਰ ਵਿਖੇ ਜਮ੍ਹਾ ਕਰਵਾਉਣ ਦੇ ਬਾਵਜੂਦ ਵੀ ਗ੍ਰਾਂਟਾਂ ਅਣਵਰਤੀਆਂ ਪਈਆਂ ਹਨ ਅਤੇ ਕਈ ਸਕੂਲਾਂ ਵੱਲੋਂ ਗ੍ਰਾਂਟਾਂ ਖਰਚਣ ਦੇ ਬਾਵਜੂਦ ਵੀ ਵਰਤੋਂ ਸਰਟੀਫਿਕੇਟ ਸਬੰਧਤ ਬਲਾਕ ਦਫਤਰ ਨੂੰ ਸਮੇਂ ਸਿਰ ਨਹੀਂ ਭੇਜੇ ਜਾਂਦੇ ਜੋਕਿ ਵਿੱਤੀ ਨਿਯਮਾਂ ਦੀ ਘੋਰ ਉਲੰਘਣਾ ਹੈ। ਸੋ ਭਵਿੱਖ ਵਿੱਚ ਅਜਿਹਾ ਨਾ ਕੀਤਾ ਜਾਵੇ ਅਤੇ ਵਿੱਤੀ ਨਿਯਮਾਂ ਅਨੁਸਾਰ ਗ੍ਰਾਂਟਾਂ ਖਰਚ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਸਬੰਧਤ ਬਲਾਕ ਦਫਤਰ ਵਿਖੇ ਜਮ੍ਹਾ ਕਰਵਾਉਣੇ ਯਕੀਨੀ ਬਣਾਏ ਜਾਣ। ਜੇਕਰ ਭਵਿੱਖ ਵਿੱਚ ਇਸ ਸਬੰਧੀ ਕੋਈ ਅਣਗਹਿਲੀ ਇਸ ਦਫਤਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਸਬੰਧਤ ਖਿਲਾਫ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਮਾਨਸਾ

ਪਿੱਠ ਅੰਕਣ ਨੰ: ਸਮ    ਮਿਤੀ: ਸਮ

ਉੱਕਤ ਦਾ ਉਤਾਰਾ

1. ਸਟੇਟ ਪ੍ਰੋਜੈਕਟ ਡਾਇਰੈਕਟਰ ਸਮੱਗਰਾ ਸਿੱਖਿਆ ਅਭਿਆਲ,ਮੋਹਾਲੀ ਜੀ ਨੂੰ ਸੂਚਨਾ ਹਿੱਤ।
2. ਮੁੱਖ ਦਫਤਰ ਦੇ ਪੱਤਰ ਨੰ: ਸਸਅ/ਸਿਵਲ ਵਰਕਸ/2020/279169 ਮਿਤੀ ,ਮੋਹਾਲੀ 05-11-2020 ਤਹਿਤ ਗਠਿਤ ਕਮੇਟੀ ਨੂੰ ਸਮੱਗਰਾ ਸਿੱਖਿਆ ਅਭਿਆਨ ਅਤੇ ਸਟੇਟ ਸਕੀਮ ਤਹਿਤ ਉਸਾਰੀ ਲਈ ਜਾਰੀ ਗ੍ਰਾਂਟਾਂ ਨੂੰ ਨਿਯਮਾਂ ਅਨੁਸਾਰ ਖਰਚ ਕਰਵਾਉਣ ਹਿੱਤ,
3. ਸਮੂਹ ਬੀ.ਪੀ.ਈ.ਓਜ਼ ਨੂੰ ਉੱਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਉਣ ਹਿੱਤ ਭੇਜਿਆ ਜਾ ਰਿਹਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਮਾਨਸਾ